2080130 (24/04) Punjabi

## ਜ਼ਿਆਦਾ ਜਾਣਕਾਰੀ ਲਈ ਇਲੈਕਸ਼ਨਜ਼ ਬੀ ਸੀ ਨਾਲ ਸੰਪਰਕ ਕਰੋ

**ਟੋਲ ਫ੍ਰੀ:** 1-800-661-8683
(ਉੱਤਰੀ ਅਮਰੀਕਾ ਵਿਚ)
**ਟੀ ਟੀ ਵਾਈ:** 1-888-456-5448

**ਡਾਕ ਲਈ ਐਡਰੈਸ:**
PO Box 9275 Stn Prov Govt
Victoria, BC  V8W 9J6

**ਫੋਨ:** 250-387-5305
**ਫੈਕਸ:** 250-387-3578
**ਟੋਲ–ਫ੍ਰੀ ਫੈਕਸ:** 1-866-466-0665

**ਈਮੇਲ:** electionsbc@elections.bc.ca
**ਵੈੱਬਸਾਈਟ:** elections.bc.ca

ਔਨਲਾਈਨ ਰਜਿਸਟਰ ਹੋਣ ਲਈ ਇਹ ਕੋਡ ਸਕੈਨ ਕਰੋ ਜਾਂ elections.bc.ca/register ’ਤੇ ਜਾਉ।

**ELECTIONS BC**
A non-partisan Office of the Legislature




# ਵੋਟ ਪਾਉਣ ਲਈ ਚੋਣਾਂ

**ELECTIONS BC**
A non-partisan Office of the Legislature

# ਬੀ.ਸੀ. ਵਿਚ ਸੂਬੇ ਦੀ ਇਲੈਕਸ਼ਨ (ਚੋਣ) ਵਿਚ ਵੋਟ ਪਾਉਣ ਲਈ ਕਈ ਤਰੀਕੇ ਹਨ। ਵੋਟ ਪਾਉਣ ਦੀਆਂ ਆਪਣੀਆਂ ਚੋਣਾਂ ਬਾਰੇ ਹੇਠਾਂ ਪੜ੍ਹੋ।

## ਅਗਾਊਂ ਵੋਟ ਪਾਉਣਾ

- ਬੀ.ਸੀ. ਦੀ ਸੂਬਾਈ ਇਲੈਕਸ਼ਨ ਵਿਚ ਅਗਾਊਂ (ਅਡਵਾਂਸ) ਵੋਟ ਪਾਉਣ ਦੇ ਛੇ ਦਿਨ ਹਨ।
- ਵੋਟਰ ਅਗਾਊਂ ਵੋਟ ਪਾਉਣ ਦੀ ਕਿਸੇ ਵੀ ਥਾਂ ’ਤੇ ਵੋਟ ਪਾ ਸਕਦੇ ਹਨ।
- ਅਗਾਊਂ ਵੋਟ ਪਾਉਣ ਦੀਆਂ ਥਾਂਵਾਂ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ (ਲੋਕਲ ਟਾਈਮ) ਤੱਕ ਖੁੱਲ੍ਹੀਆਂ ਹੁੰਦੀਆਂ ਹਨ।

## ਵੋਟਾਂ ਵਾਲੇ ਆਖਰੀ ਦਿਨ

- ਵੋਟਰਾਂ ਨੂੰ ਵੋਟਾਂ ਵਾਲੇ ਆਖਰੀ ਦਿਨ ਲਈ ਵੋਟ ਪਾਉਣ ਦੀ ਥਾਂ ਦੱਸੀ ਜਾਂਦੀ ਹੈ, ਪਰ ਉਹ ਵੋਟਾਂ ਪਾਉਣ ਦੀ ਕਿਸੇ ਹੋਰ ਥਾਂ ’ਤੇ ਵੋਟ ਪਾ ਸਕਦੇ ਹਨ ਜੇ ਉਹ ਥਾਂ ਉਨ੍ਹਾਂ ਲਈ ਜ਼ਿਆਦਾ ਢੁਕਵੀਂ ਹੋਵੇ।
- ਆਖਰੀ ਦਿਨ ਵੋਟਾਂ ਪਾਉਣ ਦੀਆਂ ਥਾਂਵਾਂ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 8 ਵਜੇ (ਪੈਸੇਫਿਕ ਟਾਈਮ) ਤੱਕ ਖੁੱਲ੍ਹੀਆਂ ਹੁੰਦੀਆਂ ਹਨ।
- ਇਲੈਕਸ਼ਨ ਦੇ ਮੁਢਲੇ ਨਤੀਜਿਆਂ ਦਾ ਐਲਾਨ ਵੋਟਾਂ ਵਾਲੇ ਆਖਰੀ ਦਿਨ ਵੋਟਾਂ ਪੈਣ ਦੇ ਬੰਦ ਹੋ ਜਾਣ ਤੋਂ ਬਾਅਦ ਕੀਤਾ ਜਾਂਦਾ ਹੈ।

## ਡਿਸਟ੍ਰਿਕਟ ਇਲੈਕਟੋਰਲ ਆਫਿਸ ਵੋਟਿੰਗ

- ਇਲੈਕਸ਼ਨ ਦੌਰਾਨ, ਵੋਟਰ ਕਿਸੇ ਵੀ ਡਿਸਟ੍ਰਿਕਟ ਇਲੈਕਟੋਰਲ ਆਫਿਸ (ਜਿਲ੍ਹਾ ਚੋਣ ਦਫਤਰ) ਵਿਚ ਵੋਟ ਪਾ ਸਕਦੇ ਹਨ।
- ਡਿਸਟ੍ਰਿਕਟ ਇਲੈਕਟੋਰਲ ਆਫਿਸ ਵਿਚ ਵੋਟ, ਇਲੈਕਸ਼ਨ ਦੇ ਐਲਾਨ ਤੋਂ ਲੈ ਕੇ ਵੋਟਾਂ ਵਾਲੇ ਆਖਰੀ ਦਿਨ ਤੱਕ ਬਾਅਦ ਦੁਪਹਿਰ 4 ਵਜੇ (ਪੈਸੇਫਿਕ ਟਾਈਮ) ਤੱਕ ਪਾਈ ਜਾ ਸਕਦੀ ਹੈ।

## ਡਾਕ ਰਾਹੀਂ ਵੋਟ ਪਾਉਣਾ

- ਵੋਟਰ ਇਲੈਕਸ਼ਨ ਬੀ ਸੀ ਤੋਂ ਔਨਲਾਈਨ ਜਾਂ ਟੈਲੀਫੋਨ ਕਰਕੇ ਡਾਕ ਰਾਹੀਂ ਵੋਟ ਪਾਉਣ ਦਾ ਪੈਕੇਜ ਮੰਗ ਸਕਦੇ ਹਨ। ਇਹ ਪੈਕੇਜ ਉਨ੍ਹਾਂ ਨੂੰ ਡਾਕ ਰਾਹੀਂ ਭੇਜਿਆ ਜਾਵੇਗਾ। ਵੋਟਰਾਂ ਕੋਲ ਆਪਣੇ ਲੋਕਲ ਡਿਸਟ੍ਰਿਕਟ ਇਲੈਕਟੋਰਲ ਆਫਿਸ ਤੋਂ ਪੈਕੇਜ ਮੰਗਣ ਦੀ ਚੋਣ ਵੀ ਹੈ।
- ਮੁਕੰਮਲ ਕੀਤਾ ਹੋਇਆ ਪੈਕੇਜ ਡਾਕ ਰਾਹੀਂ ਵਾਪਸ ਭੇਜਿਆ ਜਾ ਸਕਦਾ ਹੈ ਜਾਂ ਕਿਸੇ ਡਿਸਟ੍ਰਿਕਟ ਇਲੈਕਟੋਰਲ ਆਫਿਸ, ਵੋਟਾਂ ਪੈਣ ਵਾਲੀ ਥਾਂ ਜਾਂ ਕਿਸੇ ਹੋਰ ਅਧਿਕਾਰਤ ਥਾਂ ਵਿਖੇ ਛੱਡਿਆ ਜਾ ਸਕਦਾ ਹੈ (ਮੁਕੰਮਲ ਲਿਸਟ ਲਈ ਇਲੈਕਸ਼ਨਜ਼ ਬੀ ਸੀ ਦਾ ਵੈੱਬਸਾਈਟ ਦੇਖੋ)।
- ਮੁਕੰਮਲ ਕੀਤੇ ਹੋਏ ਪੈਕੇਜ ਇਲੈਕਸ਼ਨਜ਼ ਬੀ ਸੀ ਨੂੰ ਵੋਟਾਂ ਵਾਲੇ ਆਖਰੀ ਦਿਨ ਸ਼ਾਮ ਦੇ 8 ਵਜੇ (ਪੈਸੇਫਿਕ ਟਾਈਮ) ਤੋਂ ਪਹਿਲਾਂ ਮਿਲਣੇ ਜ਼ਰੂਰੀ ਹਨ।

## ਵੋਟ ਕਿੱਥੇ ਪਾਉਣੀ ਹੈ

- ਇਲੈਕਸ਼ਨ ਦੌਰਾਨ, ਵੋਟਾਂ ਪਾਉਣ ਵਾਲੀਆਂ ਥਾਂਵਾਂ ਦੀ ਲਿਸਟ wheretovote.elections.bc.ca ’ਤੇ ਮਿਲੇਗੀ।
- ਇਲੈਕਸ਼ਨਜ਼ ਬੀ ਸੀ ਅਗਾਊਂ ਵੋਟਾਂ ਪੈਣਾ ਸ਼ੁਰੂ ਹੋਣ ਤੋਂ ਪਹਿਲਾਂ ਹਰ ਰਜਿਸਟਰਡ ਵੋਟਰ ਨੂੰ ਵੋਟਰ ਦੇ ਚੋਣ ਹਲਕੇ ਵਿਚ ਵੋਟਾਂ ਪਾਉਣ ਦੀਆਂ ਥਾਂਵਾਂ ਦੱਸਣ ਲਈ ਵੋਟ ਕਿੱਥੇ ਪਾਉਣੀ ਹੈ ਕਾਰਡ ਵੀ ਭੇਜੇਗੀ। ਵੋਟਰ ਵੋਟ ਕਿੱਥੇ ਪਾਉਣੀ ਹੈ ਕਾਰਡ ਦੀ ਵਰਤੋਂ ਇਕ ਆਈ ਡੀ ਵਜੋਂ ਵੀ ਕਰ ਸਕਦੇ ਹਨ।

## ਟੈਲੀਫੋਨ ’ਤੇ ਮਦਦ ਨਾਲ ਵੋਟ ਪਾਉਣਾ

- ਵੋਟਰ ਫੋਨ ’ਤੇ ਵੋਟ ਪਾ ਸਕਦੇ ਹਨ ਜੇ ਉਹ ਇਕ ਖਾਸ ਮਾਪ ਦੰਡ ਪੂਰਾ ਕਰਦੇ ਹੋਣ। ਇਸ ਮਾਪ ਦੰਡ ਵਿਚ ਨਿਗ੍ਹਾ ਦਾ ਨੁਕਸਾਨ, ਕੋਈ ਡਿਸਏਬਿਲਟੀ ਜਾਂ ਸਿਹਤ ਦੀ ਅਜਿਹੀ ਹਾਲਤ ਹੋਣਾ ਸ਼ਾਮਲ ਹਨ ਜਿਹੜੇ ਆਜ਼ਾਦ ਵੋਟ ਪਾਉਣ ਤੋਂ ਰੋਕਦੇ ਹਨ, ਜਾਂ ਹਸਪਤਾਲ ਵਿਚ ਇਲਾਜ ਕਰਵਾਉਂਦੇ ਹੋਣਾ ਹੈ। ਜੇ ਤੁਸੀਂ ਫੋਨ ਰਾਹੀਂ ਵੋਟ ਪਾਉਣਾ ਚਾਹੁੰਦੇ ਹੋਵੋ, ਤਾਂ ਇਹ ਪਤਾ ਲਾਉਣ ਲਈ ਇਲੈਕਸ਼ਨਜ਼ ਬੀ ਸੀ ਨਾਲ ਸੰਪਰਕ ਕਰੋ ਕਿ ਕੀ ਤੁਸੀਂ ਮਾਪ ਦੰਡ ਪੂਰਾ ਕਰਦੇ ਹੋ।

**ਵੋਟ ਪਾਉਣ ਵੇਲੇ ਆਪਣੇ ਨਾਲ ਆਪਣੀ ਆਈ ਡੀ ਅਤੇ ਆਪਣਾ ਵੋਟ ਕਿੱਥੇ ਪਾਉਣੀ ਹੈ ਕਾਰਡ ਲਿਆਉਣਾ ਯਾਦ ਰੱਖੋ।**